# ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

## ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ

ਸਿੱਖਿਆ ਭਵਨ, ਈ-ਬਲਾਕ, ਪੰਜਵੀਂ ਮੰਜਿਲ, ਫੇਜ਼-8, ਸ.ਅ.ਸ. ਨਗਰ (ਮੋਹਾਲੀ)
ਫੋਨ ਨੰਬਰ- 0172-5212311, ਫੈਕਸ ਨੰਬਰ- 0172-5212369, 5212370, ਈ-ਮੇਲ: ictadmin@punjabeducation.gov.in

ਵੱਲ

Through website

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),
ਪੰਜਾਬ।

ਮੀਮੋ ਨੰ: 5/3-ICT-2018/Misc./2018988
ਮਿਤੀ:- 13-02-2018

ਵਿਸ਼ਾ: ਦੂਸਰੇ ਦਫਤਰਾਂ/ਵਿਭਾਗਾਂ ਵਿੱਚ ਡਿਊਟੀ ਤੇ ਗਏ ਕੰਪਿਊਟਰ ਫੈਕਲਟੀਜ਼ ਨੂੰ ਵਾਪਿਸ ਪਿਤਰੀ ਸਕੂਲ ਭੇਜਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਬਹੁਤ ਸਾਰੇ ਕੰਪਿਊਟਰ ਫੈਕਲਟੀਜ਼ ਵੱਖ-ਵੱਖ ਦਫਤਰਾਂ/ ਵਿਭਾਗਾਂ ਜਿਵੇਂ ਕਿ ਡੀ.ਸੀ. ਦਫਤਰ, ਐਸ.ਡੀ.ਐਮ. ਦਫਤਰ ਆਦਿ ਵਿਖੇ ਜਿਆਦਾਤਰ ਚੋਣ ਡਿਊਟੀਆਂ ਤੇ ਤੈਨਾਤ ਹਨ। ਸਲਾਨਾ ਪ੍ਰੀਖਿਆਵਾਂ ਦਾ ਸਮਾਂ ਨਜਦੀਕ ਹੋਣ ਕਾਰਨ ਇਸ ਸਮੇਂ ਅਧਿਆਪਕਾਂ ਦਾ ਸਕੂਲ ਵਿੱਚ ਹਾਜਰ ਰਹਿਣਾ ਜਰੂਰੀ ਹੈ ਤਾਂ ਜੋ ਵਿਦਿਆਰਥੀਆਂ ਦੀ ਪੜਾਈ ਪ੍ਰਭਾਵਿਤ ਨਾ ਹੋਵੇ। ਇਸ ਲਈ ਵਿਦਿਆਰਥੀਆਂ ਦੀ ਪੜਾਈ ਨੂੰ ਮੁੱਖ ਰੱਖਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਜੋ ਕੰਪਿਊਟਰ ਫੈਕਲਟੀਜ਼ ਦੂਸਰੇ ਦਫਤਰਾਂ/ਵਿਭਾਗਾਂ ਵਿੱਚ ਡਿਊਟੀ ਤੇ ਗਏ ਹਨ, ਉਨ੍ਹਾਂ ਨੂੰ ਤੁਰੰਤ ਸਕੂਲ ਵਾਪਿਸ ਬੁਲਾਇਆ ਜਾਵੇ ਅਤੇ ਭਵਿੱਖ ਵਿੱਚ ਜੇ ਕਿਸੇ ਕੰਪਿਊਟਰ ਫੈਕਲਟੀਜ਼ ਦੀ ਡਿਊਟੀ ਸਕੂਲ ਤੋਂ ਬਾਹਰ ਕਿਤੇ ਹੋਰ ਲਗਾਈ ਜਾਂਦੀ ਹੈ ਤਾਂ ਸਬੰਧਤ ਨੂੰ ਫਾਰਗ ਕਰਨ ਤੋਂ ਪਹਿਲਾਂ ਮੁੱਖ ਦਫਤਰ ਦੀ ਪ੍ਰਵਾਨਗੀ ਲੈਣੀ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਦਫਤਰ ਜਿਲਾ ਸਿਖਿਆ ਅਫਸਰ (ਸੈ.ਸਿ.) ਬਠਿੰਡਾ

ਪੱਤਰ ਨੰ: ਆਈ.ਸੀ.ਟੀ./2018/2568 ਮਿਤੀ: 15.02.2018

ਉਪਰੋਕਤਾਂ ਦਾ ਉਤਾਰਾ ਸਮੂਹ ਸਕੂਲ ਮੁੱਖੀਆ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਜੇਕਰ ਕੋਈ ਵੀ ਕੰਪਿਊਟਰ ਫੈਕਲਟੀ ਵੱਖ-ਵੱਖ ਦਫਤਰਾਂ / ਵਿਭਾਗਾਂ ਵਿੱਚ ਡਿਊਟੀ ਤੇ ਹੈ ਤਾਂ ਉਸ ਨੂੰ ਉਕਤ ਪੱਤਰ ਦਾ ਹਵਾਲਾ ਦੇ ਕੇ ਤੁਰੰਤ ਵਾਪਿਸ ਬੁਲਾਇਆ ਜਾਵੇ ਤੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।

17.2.18

ਜਿਲਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ